## ਵਿੱਤੀ ਸਹਾਇਤਾ ਬਾਰੇ ਜਾਣਕਾਰੀ

ਅਸੀਂ ਮੈਡੀਕਲ ਬਿਲਾਂ ਵਾਸਤੇ ਤੁਹਾਡੀ ਮਦਦ ਕਰ ਸਕਦੇ ਹਾਂ।
ਤੁਸੀਂ ਵਿੱਤੀ ਸਹਾਇਤਾ ਵਾਸਤੇ ਯੋਗ ਹੋ ਸਕਦੇ ਹੋ

ਅਸੀਂ ਪੇਸ਼ਕਸ਼ ਕਰਦੇ ਹਾਂ:

- ਯੋਗ ਵਿਅਕਤੀਆਂ ਨੂੰ ਮੁਫ਼ਤ ਜਾਂ ਘੱਟ-ਲਾਗਤ ਦੀ ਦੇਖਭਾਲ
- ਵਿਆਜ-ਰਹਿਤ, ਲੰਬੇ ਸਮੇਂ ਦੇ ਭੁਗਤਾਨ ਪਲਾਨ
- ਸਿਹਤ ਕਵਰੇਜ ਸੁਰੱਖਿਅਤ ਕਰਨ ਵਿੱਚ ਸਹਾਇਤਾ

**ਛੋਟ ਭੁਗਤਾਨ ਅਤੇ ਚੈਰਿਟੀ ਕੇਅਰ ਪ੍ਰੋਗਰਾਮਾਂ ਦੀ ਉਪਲਬਧਤਾ, ਬੇਨਤੀ ਕਿਵੇਂ ਕਰੀਏ, ਯੋਗਤਾ ਬਾਰੇ ਜਾਣਕਾਰੀ ਅਤੇ ਹਸਪਤਾਲ ਵਿਖੇ ਛੋਟ ਭੁਗਤਾਨ ਅਤੇ ਚੈਰਿਟੀ ਕੇਅਰ ਨੀਤੀਆਂ ਬਾਰੇ ਵੱਧ ਜਾਣਨ ਲਈ, ਇੱਥੇ ਜਾਓ:** http://www.providence.org/FinancialHelp?

ਵਿੱਤੀ ਸਹਾਇਤਾ ਦੀ ਯੋਗਤਾ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਨਿਰਧਾਰਿਤ ਕੀਤੀ ਜਾਂਦੀ ਹੈ, ਜਿਸ ਵਿੱਚ ਤੁਸੀਂ ਕਿੱਥੇ ਰਹਿੰਦੇ ਹੋ, ਤੁਹਾਡੇ ਪਰਿਵਾਰ ਦਾ ਆਕਾਰ ਅਤੇ ਆਮਦਨ ਸ਼ਾਮਲ ਹੈ। ਸਾਡਾ ਕੈਲਕੁਲੇਟਰ (ਉੱਪਰ ਦਿੱਤੀ ਵੈੱਬਸਾਈਟ 'ਤੇ ਉਪਲਬਧ ਹੈ) ਸੰਭਾਵਿਤ ਯੋਗ ਨਿਰਧਾਰਨ ਕਰਨ ਵਿੱਚ ਸਹਾਇਤਾ ਵਾਸਤੇ ਇਸ ਤਰ੍ਹਾਂ ਦੀ ਜਾਣਕਾਰੀ ਦੀ ਵਰਤੋਂ ਕਰਦਾ ਹੈ। ਤੁਹਾਡੇ ਰਾਜ ਅਤੇ ਪਰਿਵਾਰ ਦੇ ਆਕਾਰ ਦੇ ਆਧਾਰ 'ਤੇ, ਜੇਕਰ ਤੁਹਾਡੀ ਗ੍ਰਾਸ ਸਲਾਨਾ ਘਰੇਲੂ ਆਮਦਨ ਸੰਘੀ ਗਰੀਬੀ ਪੱਧਰ ਦੇ 175-400% ਤੋਂ ਘੱਟ ਹੈ ਤਾਂ ਤੁਸੀਂ ਸੰਭਾਵਿਤ ਤੌਰ 'ਤੇ ਸਹਾਇਤਾ ਵਾਸਤੇ ਯੋਗ ਹੋਵੋਂਗੇ।

ਜਾਂ QR ਕੋਡ ਸਕੈਨ ਕਰੋ:
[ਮੌਜੂਦਾ QR ਕੋਡ ਸਮੇਤ]

## ਵਿੱਤੀ ਸਲਾਹਕਾਰ ਨਾਲ ਸੰਪਰਕ ਕਰੋ

ਪਤਾ ਕਰੋ ਕਿ ਤੁਹਾਡੇ ਲਈ ਵਿੱਤੀ ਸਹਾਇਤਾ ਦੇ ਕਿਹੜੇ ਵਿਕਲਪ ਉਪਲਬਧ ਹਨ ਅਤੇ ਸਾਡੀ ਟੀਮ ਤੋਂ ਮਦਦ ਪ੍ਰਾਪਤ ਕਰੋ।
855-229-6466
ਸੋਮਵਾਰ – ਸ਼ੁੱਕਰਵਾਰ , ਸਵੇਰੇ 7 ਵਜੇ ਤੋਂ ਸ਼ਾਮ 5:30 ਵਜੇ ਤੱਕ PT ਅਨੁਸਾਰ

## ਕੀਮਤ ਪਾਰਦਰਸ਼ਤਾ

2018 ਵਿੱਚ, Centers for Medicare and Medicaid ਨੇ ਹਸਪਤਾਲਾਂ ਨੂੰ ਉਹਨਾਂ ਦੇ ਮਿਆਰੀ ਖ਼ਰਚਿਆਂ ਦੀ ਇੱਕ ਸੂਚੀ ਔਨਲਾਈਨ ਉਪਲਬਧ ਕਰਾਉਣ ਲਈ ਮਾਰਗਦਰਸ਼ਨ ਜਾਰੀ ਕੀਤਾ। ਹਾਲਾਂਕਿ, ਹਸਪਤਾਲ ਦੇ ਖ਼ਰਚੇ ਇਸ ਗੱਲ ਦੀ ਪੂਰੀ ਤਸਵੀਰ ਨਹੀਂ ਦਿੰਦੇ ਹਨ ਕਿ ਮਰੀਜ਼ ਕੀ ਭੁਗਤਾਨ ਕਰਨਗੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਡੇ ਲਾਹੇਵੰਦ ਕੀਮਤ ਅਨੁਮਾਨਕ ਦੀ ਵਰਤੋਂ ਕਰੋਂਗੇ, ਜਿਸ ਰਾਹੀਂ ਤੁਸੀਂ ਆਪਣੀਆਂ ਆਉਟ-ਆਫ਼-ਪੌਕਿਟ ਲਾਗਤਾਂ ਦਾ ਪਤਾ ਲਾ ਸਕੋਂਗੇ: https://www.providence.org/billing-support/price-estimate

ਖ਼ਰੀਦਣਯੋਗ ਸੇਵਾਵਾਂ ਦੀ ਸੂਚੀ https://www.providence.org/billing-support/pricing-transparency 'ਤੇ ਉਪਲਬਧ ਹੈ

## ਤੁਹਾਡਾ ਬਿਲ ਭੁਗਤਾਨ ਕਰਨ ਵਿੱਚ ਸਹਾਇਤਾ

ਇੱਥੇ ਮੁਫ਼ਤ ਖ਼ਪਤਕਾਰ ਵਕਾਲਤ ਸੰਸਥਾਵਾਂ ਹਨ ਜੋ ਬਿਲਿੰਗ ਅਤੇ ਭੁਗਤਾਨ ਪ੍ਰਕਿਰਿਆ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਗੀਆਂ। ਤੁਸੀਂ ਵਧੇਰੇ ਜਾਣਕਾਰੀ ਵਾਸਤੇ Health Consumer Alliance ਨੂੰ 888-804-3536 'ਤੇ ਕਾਲ ਕਰ ਸਕਦੇ ਹੋ ਜਾਂ healthconsumer.org 'ਤੇ ਜਾ ਸਕਦੇ ਹੋ।

Providence ਦੇ ਵਿੱਤੀ ਸਹਾਇਤਾ ਪ੍ਰੋਗਰਾਮ ਤੋਂ ਇਲਾਵਾ, ਦੇਖਭਾਲ ਦੀਆਂ ਲਾਗਤਾਂ ਨੂੰ ਘਟਾਉਣ ਅਤੇ ਖ਼ਤਮ ਕਰਨ ਵਿੱਚ ਮਦਦ ਕਰਨ ਲਈ ਹੋਰ ਵਿਕਲਪ ਉਪਲਬਧ ਹਨ। ਅਸੀਂ Medicare, Medicaid ਅਤੇ ਹੋਰ ਪ੍ਰੋਗਰਾਮਾਂ ਜਿਵੇਂ ਕਿ Covered California ਅਤੇ Medi-Cal ਅਨੁਮਾਨਿਤ ਯੋਗਤਾ ਲਈ ਅਰਜ਼ੀ ਦੇਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

## ਹਸਪਤਾਲ ਬਿਲ ਸੰਬੰਧੀ ਸ਼ਿਕਾਇਤ ਪ੍ਰੋਗਰਾਮ

ਹਸਪਤਾਲ ਬਿਲ ਸੰਬੰਧੀ ਸ਼ਿਕਾਇਤ ਪ੍ਰੋਗਰਾਮ ਇੱਕ ਰਾਜ ਪ੍ਰੋਗਰਾਮ ਹੈ, ਜੋ ਹਸਪਤਾਲ ਦੇ ਫੈਸਲਿਆਂ ਦੀ ਸਮੀਖਿਆ ਕਰਦਾ ਹੈ ਕਿ ਕੀ ਤੁਸੀਂ ਆਪਣੇ ਹਸਪਤਾਲ ਦੇ ਬਿੱਲ ਦਾ ਭੁਗਤਾਨ ਕਰਨ ਵਿੱਚ ਮਦਦ ਲਈ ਯੋਗ ਹੋ ਜਾਂ ਨਹੀਂ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਗਲਤ ਢੰਗ ਨਾਲ ਵਿੱਤੀ ਸਹਾਇਤਾ ਤੋਂ ਇਨਕਾਰ ਕੀਤਾ ਗਿਆ ਸੀ, ਤਾਂ ਤੁਸੀਂ ਹਸਪਤਾਲ ਬਿੱਲ ਸ਼ਿਕਾਇਤ ਪ੍ਰੋਗਰਾਮ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਵਧੇਰੇ ਜਾਣਕਾਰੀ ਅਤੇ ਇੱਕ ਸ਼ਿਕਾਇਤ ਦਰਜ ਕਰਵਾਉਣ ਵਾਸਤੇ, HospitalBillComplaintProgram.hcai.ca.gov 'ਤੇ ਜਾਓ।

## ਅਨੁਵਾਦ ਅਤੇ ਪਹੁੰਚਯੋਗ ਫਾਰਮੈਟ

ਧਿਆਨ ਦਿਓ: ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ 1-888-311-9127 'ਤੇ ਕਾਲ ਕਰੋ ਜਾਂ ਆਪਣੇ ਨੇੜੇ ਦੇ Providence ਹਸਪਤਾਲ ਦੇ ਕਲੀਨਿਕ 'ਤੇ ਜਾਓ। ਦਫ਼ਤਰ ਸਵੇਰੇ 8:00 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ ਅਤੇ ਵਿੱਤੀ ਸਲਾਹ ਦਫ਼ਤਰ ਵਿਖੇ ਸਥਿਤ ਹੈ। ਅਸਮਰਥਤਾਵਾਂ ਵਾਲੇ ਲੋਕਾਂ ਲਈ, ਸਹਾਇਤਾ ਅਤੇ ਸੇਵਾਵਾਂ, ਜਿਵੇਂ ਕਿ ਬ੍ਰੇਲ ਵਿੱਚ ਦਸਤਾਵੇਜ਼, ਵੱਡੇ ਪ੍ਰਿੰਟ, ਆਡੀਓ, ਅਤੇ ਹੋਰ ਪਹੁੰਚਯੋਗ ਇਲੈਕਟ੍ਰਾਨਿਕ ਫਾਰਮੈਟ ਵੀ ਉਪਲਬਧ ਹਨ। ਇਹ ਸੇਵਾਵਾਂ ਮੁਫ਼ਤ ਹਨ। ਅਨੁਵਾਦ ਕੀਤੇ ਦਸਤਾਵੇਜ਼ਾਂ ਦੀਆਂ ਕਾਪੀਆਂ www.providence.org/financialhelp 'ਤੇ ਵੇਖੀਆਂ ਜਾ ਸਕਦੀਆਂ ਹਨ